ਮੁਖਵਾਕ ੬੧ [ਆਦਿ ਅੰਗ ੬੭੫]

***ਧਨਾਸਰੀ ਮਹਲਾ ੫ ॥ ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ ॥ ਤਰਣ ਤਾਰਣ ਹਰਿ ਨਿਧਿ ਦੂਖੁ ਨ ਸਕੈ ਬਿਆਪਿ ॥੧॥ ਸਾਧੂ ਸੰਗਿ ਭਜਹੁ ਗੁਪਾਲ ॥ ਆਨ ਸੰਜਮ ਕਿਛੁ ਨ ਸੂਝੈ ਇਹ ਜਤਨ ਕਾਟਿ ਕਲਿ ਕਾਲ ॥ ਰਹਾਉ ॥ ਆਦਿ ਅੰਤਿ ਦਇਆਲ ਪੂਰਨ ਤਿਸੁ ਬਿਨਾ ਨਹੀ ਕੋਇ ॥ ਜਨਮ ਮਰਣ ਨਿਵਾਰਿ ਹਰਿ ਜਪਿ ਸਿਮਰਿ ਸੁਆਮੀ ਸੋਇ ॥੨॥ ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥ ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥੩॥ ਚਰਨ ਕਮਲ ਅਧਾਰੁ ਜਨ ਕਾ ਰਾਸਿ ਪੂੰਜੀ ਏਕ ॥ ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ ॥੪॥੨॥੨੦॥***

## ਧਨਾਸਰੀ ਮਹਲਾ ੫ ॥

ਇਹ ਮੁਖਵਾਕ ਰੂਪ ਅਮੋਲਕ ਬਚਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਉਚਾਰਨ ਕੀਤੇ ਹੋਏ ਧਨਾਸਰੀ ਰਾਗਣੀ ਵਿੱਚ ਸ਼ਸ਼ੋਭਿਤ ਹਨ।

## ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ ॥

ਦੀਨ=ਗਰੀਬ, ਠਾਕੁਰ=ਮਾਲਕ; ਸੁਆਮੀ ਦਰਦ=ਤਕਲੀਫ ਜਨ=ਸੇਵਕ ਉਹ ਠਾਕੁਰ, ਮਾਲਕ ਵਾਹਿਗੁਰੂ ਗਰੀਬਾਂ ਦੇ ਦੁਖ ਨਵਿਰਤ ਕਰਨ ਵਾਲਾ ਹੈ ਅਤੇ ਆਪਣਿਆਂ ਦਾਸਾਂ ਦੀ ਆਪ ਹੀ ਪਤ, ਇੱਜ਼ਤ ਰਖਣ ਵਾਲਾ ਹੈ।

ਯਥਾ— **੧. ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥**
**ਸਰਣਿ ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ ॥** [ਗਉੜੀ ਸੁਖਮਨੀ ਮ: ੫, ਅੰਗ ੨੬੩]

**੨. ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ ॥** [ਗਉੜੀ ਮ: ੫, ਅੰਗ ੨੦੯]

**੩. ਦੀਨ ਦਰਦ ਨਿਵਾਰਿ ਤਾਰਣ ਦਇਆਲ ਕਿਰਪਾ ਕਰਣ ॥** [ਗੂਜਰੀ ਮ: ੫, ਅੰਗ ੫੦੨]

**੪. ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ ॥** [ਸਿਰੀਰਾਗੁ ਮ: ੫, ਅੰਗ ੪੬]

**੫. ਦੀਨ ਦਇਆਲ ਦੁਖ ਭੰਜਨੋ ਨਾਨਕ ਨੀਤ ਧਿਆਇ ॥** [ਰਾਮਕਲੀ ਮ: ੫, ਅੰਗ ੯੨੭]

ਇਨ੍ਹਾਂ ਪ੍ਰਮਾਣਾਂ ਤੋਂ ਗੁਰਬਾਣੀ ਵਿੱਚ ਇਸ ਸਿਧਾਂਤ ਦੀ ਪੁਸ਼ਟੀ ਹੁੰਦੀ ਹੈ ਕਿ ਪ੍ਰਮੇਸ਼ਰ ਨੂੰ ਜੋ ਵੀ ਦੀਨ ਦੁਖੀਆਂ ਨੇ ਧਿਆਇਆ, ਉਨ੍ਹਾਂ ਦੀ ਸਹਾਇਤਾ ਉਦੋਂ ਹੀ ਕੀਤੀ। ਜਿਵੇਂ ਕਿ ਇੱਕ ਹਾਥੀ ਜੋ ਤੰਦੂਏ ਦੇ ਜਾਲ ਵਿੱਚ ਬੁਰੀ ਤਰ੍ਹਾਂ ਫਸ ਗਿਆ ਸੀ। ਬਿਪਤ ਕਾਲ ਅਜਿਹਾ ਸਮਾਂ ਹੁੰਦਾ ਹੈ ਜਦੋਂ ਆਪਣੇ ਵੀ ਆਪਣਿਆਂ ਦਾ ਸਾਥ ਛੱਡ ਜਾਂਦੇ ਹਨ। ਐਸੀ ਹੀ ਸੰਸਾਰ ਦੀ ਰੀਤ ਹੈ :—

ਯਥਾ— **ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥** [ਸੋਰਠਿ ਮ: ੯, ਅੰਗ ੬੩੪]

ਇਹੀ ਹਾਲਤ ਇਸ ਹਾਥੀ ਦੀ ਹੋਈ, ਇਸ ਜੰਗਲ ਦੇ ਹਾਥੀ ਜੋ ਕਦੇ ਇਸ ਹਾਥੀ ਦੇ ਹੁਕਮ ਵਿੱਚ ਰਹਿੰਦੇ ਸਨ। ਇਸ ਨੂੰ ਬਿਪਤਾ ਵਿੱਚ ਪਏ ਨੂੰ ਹੌਲੀ-ਹੌਲੀ ਸਾਰੇ ਹੀ ਤਿਆਗ ਗਏ। ਭਾਵੇਂ ਕੁਝ ਸਮਾਂ ਜੰਗਲ ਵਿਚੋਂ ਖੁਰਾਕ ਲਿਆ ਕੇ ਦਿੰਦੇ ਰਹੇ। ਪਰ ਲੜਾਈ ਲੰਮੀ ਹੁੰਦੀ ਦੇਖ ਕੇ, ਇਸ ਦੇ ਪਰਵਾਰ ਨੇ ਇਸ ਦੀ ਖੁਰਾਕ ਦੇਣ ਦੀ ਸਹਾਇਤਾ ਬੰਦ ਕਰ ਦਿੱਤੀ ਤੇ ਸੋਚਿਆ ਕਿ ਇਸਨੇ ਤਾਂ ਮਰਨਾ ਹੀ ਹੈ। ਅਸੀਂ ਕਿਉਂ ਬਿਪਤਾ ਵਿੱਚ ਪਈਏ। ਖੁਰਾਕ ਨ

PDF created with pdfFactory Pro trial version www.pdffactory.com

ਮਿਲਣ ਦੇ ਕਾਰਨ ਹਾਥੀ ਦਾ ਸਰੀਰ ਕਮਜ਼ੋਰ ਹੋ ਗਿਆ। ਜਿਸ ਕਾਰਨ ਤੰਦੂਆ ਹਾਥੀ ਤੇ ਭਾਰੂ ਪੈ ਗਿਆ। ਜਦੋਂ ਤੰਦੂਏ ਨੇ ਹਾਥੀ ਨੂੰ ਗਹਿਰੇ ਪਾਣੀ ਵਿੱਚ ਖਿੱਚਿਆ। ਹਾਥੀ ਨੇ ਹਰ ਪਾਸਿਓਂ ਆਪਣੀ ਜਾਨ ਸੰਕਟ ਵਿੱਚ ਦੇਖੀ, ਡੂੰਘੇ ਪਾਣੀ ਵਿੱਚ ਡੁੱਬਣ ਵਾਲਾ ਹੀ ਸੀ ਕਿ ਅਚਾਨਕ ਇੱਕ ਕਮਲ ਪਾਣੀ ਵਿੱਚ ਤੈਰਦਾ ਇਸ ਨੂੰ ਪ੍ਰਾਪਤ ਹੋਇਆ। ਜਿਸਨੂੰ ਸੁੰਡ ਨਾਲ ਚੁੱਕ ਕੇ ਪ੍ਰਮਾਤਮਾ ਨੂੰ ਸਹਾਇਤਾ ਲਈ ਪੁਕਾਰਿਆ ਅਤੇ ਇਸ ਨੇ ਕਮਲ ਦੀ ਭੇਟਾ ਅਰਪਣ ਕੀਤੀ। ਇਕਾਗਰ ਚਿੱਤ ਹੋ ਕੇ ਦੁਖੀ ਹਿਰਦੇ ਨਾਲ ਪ੍ਰਮਾਤਮਾ ਨੂੰ ਬੇਨਤੀ ਕੀਤੀ ਕਿ ਹੇ ਪ੍ਰਮੇਸ਼ਰ! ਤੇਰੇ ਬਿਨਾਂ ਹੁਣ ਮੇਰਾ ਕੋਈ ਭੀ ਨਹੀਂ। ਮੇਰੀ ਬਿਪਤਾ ਦੂਰ ਕਰੋ। ਹੇ ਸ਼ਰਣ ਪਾਲਕ ਕਿਰਪਾ ਕਰੋ।

ਜਦੋਂ ਇਹ ਬੇਨਤੀ ਕੀਤੀ ਤਾਂ ਭਗਵਾਨ ਨੇ ਸੁਦਰਸ਼ਨ ਚੱਕਰ ਨਾਲ ਤੰਦੂਏ ਦੀਆਂ ਤੰਦਾਂ ਕੱਟ ਕੇ ਹਾਥੀ ਨੂੰ ਮੁਕਤ ਕੀਤਾ। ਇਹ ਜਗਾ ਪਟਨਾ ਸਾਹਿਬ ਤੋਂ ਤਿੰਨ ਕੋਹ ਪਰੇ ਹਰੀ ਹਰਿ ਛੇਤ੍ਰ ਕਰਕੇ ਗੰਗਾ ਤੇ ਸੁਸ਼ੋਭਿਤ ਹੈ। ਇਥੇ ਕੱਤਕ ਦੀ ਪੂਰਨਮਾਸੀ ਨੂੰ ਵੱਡਾ ਭਾਰੀ ਮੇਲਾ ਲਗਦਾ ਹੈ ਅਤੇ ਬਹੁਤ ਹਾਥੀ ਵਿਕਣ ਆਉਂਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਹਾਥੀ ਪ੍ਰਭੂ ਦੀ ਸ਼ਰਨ ਵਿੱਚ ਆਇਆ ਤਾਂ ਉਸ ਦੀ ਬੰਦ ਖਲਾਸੀ ਹੋਈ।

ਯਥਾ— **੧. ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥**
**ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥**

[ਸੋਰਠਿ ਮਃ ੯, ਅੰਗ ੬੩੨]

**੨. ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥**

[ਮਾਲੀ ਗਉੜਾ ਨਾਮਦੇਵ ਜੀ, ਅੰਗ ੯੮੮]

ਇਸ ਤਰ੍ਹਾਂ ਦੀਨਾਂ ਦੇ ਦਰਦ ਦੂਰ ਕਰਨ ਵਾਲੀ ਮਹਾਨ ਸ਼ਕਤੀ ਉਹ ਪ੍ਰਮੇਸ਼ਰ ਹੈ।

## *ਤਰਣ ਤਾਰਣ ਹਰਿ ਨਿਧਿ ਦੂਖੁ ਨ ਸਕੈ ਬਿਆਪਿ ॥੧॥*

ਸੰਸਾਰ ਰੂਪ ਨਿਧਿ=ਸਮੁੰਦਰ ਤੋਂ ਤਾਰਣ ਵਾਲੇ ਤਰਣ=ਜਹਾਜ਼ ਰੂਪ ਹਰਿ=ਵਾਹਿਗੁਰੂ ਨਾਮ ਦਾ ਸਿਮਰਨ ਕਰਦੇ ਹੋਏ ਕਦੇ ਵੀ ਕੋਈ ਦੁਖ ਨਹੀਂ ਲਗਦਾ। ਸੰਸਾਰ ਸਮੁੰਦਰ ਤੋਂ ਤਰਨ ਵਾਸਤੇ ਹੋਰ ਕੋਈ ਵੀ ਸੁਰਖਿਅਤ ਸਾਧਨ ਨਹੀਂ, ਜਿਸ ਦੁਆਰਾ ਇਸ ਨੂੰ ਤਰਿਆ ਜਾ ਸਕੇ। ਸਤਿਗੁਰੂ ਜੀ ਨੇ ਆਪਣੇ ਗੁਰਸਿੱਖਾਂ ਨੂੰ ਸੰਸਾਰ ਸਮੁੰਦਰ ਤੋਂ ਤਾਰਨ ਵਾਸਤੇ ਨਾਮ ਰੂਪ ਜਹਾਜ਼ ਦਿੱਤਾ ਜਿਸ ਉਤੇ ਸਵਾਰ ਹੋਣ ਵਾਲਾ ਇਸ ਸੰਸਾਰ ਸਮੁੰਦਰ ਤੋਂ ਜੋ ਪਦਾਰਥਾਂ ਵਾ-ਮੋਹ ਦੇ ਪਾਣੀ ਨਾਲ ਭਰਿਆ ਹੋਇਆ ਹੈ ਤਰ ਜਾਂਦਾ ਹੈ।

ਤਥਾ— **੧. ਤਰਣ ਤਾਰਣ ਪ੍ਰਭ ਤੇਰੋ ਨਾਉ॥** [ਰਾਮਕਲੀ ਮਃ ੫, ਅੰਗ ੮੯੩]

**੨. ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ॥**
**ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ ਪਾਰਿ ਪਰਾਤੇ॥੨॥** [ਗਉੜੀ ਮਃ ੫, ਅੰਗ ੨੦੯]

## *ਸਾਧੂ ਸੰਗਿ ਭਜਹੁ ਗੁੋਪਾਲ॥*

ਸਾਧੂ ਸੰਗਿ=ਗੁਰਸਿੱਖਾਂ ਦੀ ਸੰਗਤ ਵਿੱਚ ਮਿਲ ਕੇ ਗੋ=ਧਰਤੀ ਦੀ ਪਾਲ=ਪਾਲਣਾ ਕਰਨ ਵਾਲੇ ਵਾਹਿਗੁਰੂ ਨੂੰ ਭਜਹੁ=ਸਿਮਰਨਾ ਕਰੋ।

ਯਥਾ— **੧. ਸਾਧਸੰਗਿ ਹਰਿ ਕੀਰਤਨੁ ਗਾਈਐ॥ ਇਹੁ ਅਸਥਾਨੁ ਗੁਰੂ ਤੇ ਪਾਈਐ॥**

[ਆਸਾ ਮਃ ੫, ਆਸਾ ੩੮੫]

**੨. ਸੰਤ ਜਨਾ ਮਿਲਿ ਹਰਿ ਜਸੁ ਗਾਇਓ॥ ਕੋਟਿ ਜਨਮ ਕੇ ਦੂਖ ਗਵਾਇਓ॥**

[ਬੈਰਾੜੀ ਮਃ ੫, ਅੰਗ ੭੨੦]

PDF created with pdfFactory Pro trial version www.pdffactory.com

**੩. ਸੰਤਸੰਗਤਿ ਮਿਲਿ ਹਰਿ ਗੁਣ ਗਾਏ ॥** [ਆਸਾ ਮ: ੩, ਅੰਗ ੩੬੨]

**੪. ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** [ਆਸਾ ਮ: ੫, ਅੰਗ ੧੨]

## *ਆਨ ਸੰਜਮ ਕਿਛੁ ਨ ਸੂਝੈ ਇਹ ਜਤਨ ਕਾਟਿ ਕਲਿ ਕਾਲ ॥ ਰਹਾਉ ॥*

ਆਨ=ਹੋਰ ਕੋਈ ਵੀ ਸੰਜਮ=ਯਤਨ, ਉਪਾਅ ਨਹੀ ਸੂਝੈ=ਦਿਸਦਾ। ਇਹ=ਇਸ ਨਾਮ ਰੂਪ ਜਤਨ ਕਰਕੇ ਕਲਿ=ਕਲਪਨਾ ਅਤੇ ਕਾਲ ਦਾ ਕੱਟਣਾ ਹੁੰਦਾ ਹੈ।

## *ਆਦਿ ਅੰਤਿ ਦਇਆਲ ਪੂਰਨ ਤਿਸੁ ਬਿਨਾ ਨਹੀ ਕੋਇ ॥*

ਉਹ ਦਇਆ ਦਾ ਆਲ=ਘਰ ਵਾਹਿਗੁਰੂ ਆਦਿ=ਮੁਢ ਤੋਂ ਲੈ ਕੇ ਭਾਵ ਸੰਸਾਰ ਦੀ ਸਿਰਜਣਾ ਤੋਂ ਲੈ ਕੇ ਅੰਤਿ=ਨਾਸ਼ ਤੱਕ ਪਰੀਪੂਰਨ ਹੈ। ਉਸ ਤੋਂ ਬਿਨਾਂ ਕੋਈ ਕੁਝ ਨਹੀਂ ਕਰ ਸਕਦਾ।

ਯਥਾ— **੧. ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥** [ਵਾਰ ਜੈਤਸਰੀ ਮ: ੫, ਅੰਗ ੭੦੫]

**੨. ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ ॥** [ਮਾਝ ਮ: ੫, ਅੰਗ ੧੦੨]

**੩. ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ ॥** [ਆਸਾ ਮ: ੫, ਅੰਗ ੪੫੪]

ਐਸਾ ਜੋ ਵਾਹਿਗੁਰੂ ਆਦਿ ਅੰਤ ਵਿੱਚ ਰਖਿਆ ਕਰਨ ਵਾਲਾ, ਆਪਣੀ ਪ੍ਰੀਤੀ ਦੀ ਲਾਜ ਨਿਭਾਉਣ ਵਾਲਾ ਹੈ। ਇਹੋ ਜਿਹੇ ਸੱਜਣ ਵਾਹਿਗੁਰੂ ਨੂੰ ਸੰਤ ਜਨਾਂ ਦਾ ਮਨ ਹਮੇਸ਼ਾਂ ਹੀ ਲੋਚਦਾ ਰਹਿੰਦਾ ਹੈ।

ਯਥਾ— **੧. ਆਦਿ ਮਧਿ ਜੋ ਅੰਤਿ ਨਿਬਾਹੈ ॥ ਸੋ ਸਾਜਨੁ ਮੇਰਾ ਮਨੁ ਚਾਹੈ ॥੧॥** [ਗਉੜੀ ਮ: ੫, ਅੰਗ ੨੪੦]

**੨. ਆਦਿ ਮਧਿ ਅੰਤਿ ਨਿਰੰਕਾਰੰ ॥** [ਗਉੜੀ ਮ: ੫, ਅੰਗ ੨੫੦]

## *ਜਨਮ ਮਰਣ ਨਿਵਾਰਿ ਹਰਿ ਜਪਿ ਸਿਮਰਿ ਸੁਆਮੀ ਸੋਇ ॥੨॥*

ਜਿਸ-ਜਿਸ ਵੀ ਸੰਤ **ਭਗਤ** ਨੇ ਉਸ ਸੁਆਮੀ=ਮਾਲਕ ਨੂੰ ਸਿਮਰਿ=ਸਿਮਰਿਆ ਹੈ। ਉਸਨੇ ਆਪਣੇ ਜਨਮ ਮਰਣ ਦੀ ਨਵਿਰਤੀ ਕਰ ਲਈ ਹੈ। ਇਸ ਲਈ ਹੇ ਮਨ! ਤੂੰ ਵੀ ਉਸ ਵਾਹਿਗੁਰੂ ਦੇ ਨਾਮ ਨੂੰ ਜਪਣਾ ਕਰ।

ਯਥਾ— **੧. ਜਨਮ ਮਰਣ ਕਾ ਦੂਖੁ ਗਇਆ ਫਿਰਿ ਪਵੈ ਨ ਫੇਰੁ ॥**
**ਨਾਨਕ ਨਾਮੁ ਸਲਾਹਿ ਤੂ ਹਰਿ ਗੁਣੀ ਗਹੀਰੁ ॥੧੦॥** [ਵਾਰ ਸੂਹੀ ਮ: ੩, ਅੰਗ ੭੮੯]

**੨. ਜਨਮ ਮਰਣ ਦੁਖ ਕਾਲ ਸਿਮਰਤ ਮਿਟਿ ਜਾਵਈ ॥** [ਆਸਾ ਮ: ੫, ਅੰਗ ੩੯੯]

**੩. ਜਨਮ ਮਰਨ ਗੁਰਿ ਰਾਖੇ ਮੀਤ ॥ ਹਰਿ ਕੇ ਨਾਮ ਸਿਉ ਲਾਗੀ ਪ੍ਰੀਤਿ ॥** [ਪ੍ਰਭਾਤੀ ਮ: ੫, ਅੰਗ ੧੩੩੯]

## *ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥*

ਬੇਦ ਨਾਮ ਗਿਆਨ ਦਾ ਹੈ। ਜੋ ਚਾਰ ਹਿੱਸਿਆਂ ਵਿੱਚ ਇਹ ਗਿਆਨ ਬ੍ਰਹਮਾ ਜੀ ਨੂੰ ਪ੍ਰਾਪਤ ਹੋਇਆ। ਬ੍ਰਹਮਾ ਤੋਂ ਰਿਸ਼ੀਆਂ ਮੁਨੀਆਂ ਨੂੰ ਮਿਲਿਆ। ਚਾਰ ਬੇਦ, ਸਤਾਈ ਸਿੰਮ੍ਰਿਤੀਆਂ, ਛੇ ਸ਼ਾਸ਼ਤ੍ਰ ਆਦਿ ਦਾ ਕਥਨ ਹੈ ਅਤੇ ਭਗਤੀ ਕਰਨ ਵਾਲੇ ਭਗਤ ਜਨ ਭੀ ਇਸੇ ਵਿਚਾਰ ਨੂੰ ਪ੍ਰਗਟ ਕਰਦੇ ਹਨ ਕਿ :—

PDF created with pdfFactory Pro trial version www.pdffactory.com

## ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥੩॥

ਸਾਧ ਸੰਗਤਿ ਦੇ ਪ੍ਰਤਾਪ ਕਰਕੇ ਅਗਿਆਨ ਰੂਪ ਅੰਧਕਾਰ ਬਿਨਸਿ=ਨਾਸ ਹੋ ਜਾਂਦਾ ਹੈ ਅਤੇ ਮੁਕਤੀ ਦੀ ਪਦਵੀ ਪ੍ਰਾਪਤ ਹੋ ਜਾਂਦੀ ਹੈ। ਭਾਵ ਸਾਰੇ ਬੇਦ ਸ਼ਾਸ਼ਤ੍ਰ ਨਾਮ ਜਪਣ ਦੀ ਹੀ ਪ੍ਰੇਰਨਾ ਕਰਦੇ ਹਨ ਜਿਸ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ।

ਯਥਾ— **੧. ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥**
[ਸੂਹੀ ਮਃ ੫, ਅੰਗ ੭੬੧]

**੨. ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥**
[ਗਉੜੀ ਮਃ ੫, ਅੰਗ ੨੯੬]

**੩. ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥**
[ਗਉੜੀ ਮਃ ੯, ਅੰਗ ੨੨੦]

## ਚਰਨ ਕਮਲ ਅਧਾਰੁ ਜਨ ਕਾ ਰਾਸਿ ਪੂੰਜੀ ਏਕ ॥

ਵਾਹਿਗੁਰੂ ਦੇ ਚਰਨ ਕਮਲ ਹੀ ਦਾਸਾਂ ਦਾ ਆਧਾਰੁ=ਆਸਰਾ ਰੂਪ ਹਨ ਅਤੇ ਉਸ ਇਕ ਵਾਹਿਗੁਰੂ ਦਾ ਸਿਮਰਨ ਹੀ ਦਾਸ ਦੀ ਰਾਸ ਅਤੇ ਪੂੰਜੀ ਹੈ। ਵਾ ਰਾਸਿ=ਸਚਾ ਪੂੰਜੀ=ਧਨ ਹੈ।

ਯਥਾ— **੧. ਚਰਨ ਕਮਲ ਆਧਾਰੁ ਜਨ ਕਾ ਆਸਰਾ ॥ ਮਾਲੁ ਮਿਲਖ ਭੰਡਾਰ ਨਾਮੁ ਅਨੰਤ ਧਰਾ ॥**
[ਰਾਮਕਲੀ ਮਃ ੫, ਅੰਗ ੯੨੫]

**੨. ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥**
[ਮਾਝ ਮਃ ੫, ਅੰਗ ੧੦੭]

**੩. ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ ॥** [ਬਿਲਾਵਲੁ ਮਃ ੫, ਅੰਗ ੮੧੭]

ਇਸ ਤੁਕ ਵਿੱਚ ਸਤਿਗੁਰੂ ਜੀ ਨੇ ਜੋ ਸੱਚੀ ਪੂੰਜੀ ਭਾਵ ਨਾਮ ਦੀ ਗੱਲ ਕੀਤੀ ਹੈ। ਸਤਿਗੁਰਾਂ ਦੇ ਇਸ ਬਚਨ ਨੂੰ ਥੋੜ੍ਹਾ ਜਿਹਾ ਵੀ ਸਮਝਈਏ ਤਾਂ ਨਾਮ ਸਿਮਰਨ ਬਾਰੇ ਸੋਝੀ ਆਵੇਗੀ ਕਿ ਇਸ ਨਾਮ ਦੀਆਂ ਕੀ ਬਰਕਤਾਂ ਹਨ। ਜਿਵੇਂ ਸੰਸਾਰਕ ਧਨ ਨਾਲ ਸੰਸਾਰ ਦੀ ਹਰ ਵਸਤੂ ਖਰੀਦੀ ਜਾਂਦੀ ਹੈ ਕਿਉਂਕਿ ਧਨ ਇਕ ਮਹਾਨ ਸ਼ਕਤੀ ਹੈ ਜੋ ਵੱਡੇ-ਵੱਡਿਆਂ ਨੂੰ ਆਪਣੇ ਅਧੀਨ ਕਰ ਲੈਂਦਾ ਹੈ। ਧਨ ਨਾਲ ਜ਼ਮੀਨ, ਪਸ਼ੂ, ਪੰਛੀ, ਹੀਰੇ ਜਵਾਹਰਾਤ, ਆਦਿ ਤਾਂ ਖਰੀਦਿਆਂ ਹੀ ਜਾਂਦਾ ਹੈ, ਤੇ ਧਨ ਨਾਲ ਮਨੁੱਖ ਵੀ ਖਰੀਦੇ ਜਾਂਦੇ ਹਨ। ਇਸ ਝੂਠੇ ਧਨ ਨਾਲ ਝੂਠੇ ਪਦਾਰਥ ਤਾਂ ਖਰੀਦੇ ਜਾ ਸਕਦੇ ਪਰ, ਮੁਕਤੀ, ਗਿਆਨ ਨਹੀਂ ਖਰੀਦੇ ਜਾ ਸਕਦੇ। ਪਰ ਨਾਮ ਧਨ ਦੁਆਰਾ ਪ੍ਰਲੋਕ ਮੁਕਤੀ ਤੇ ਗਿਆਨ ਪ੍ਰਾਪਤ ਹੁੰਦਾ ਹੈ। ਇਸ ਲਈ ਨਾਮ ਨੂੰ ਸੱਚੀ ਪੂੰਜੀ ਕਿਹਾ ਹੈ।

## ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਦੀ ਪ੍ਰਭ ਟੇਕ ॥੪॥੨॥੨੦॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੇਰਾ ਤਾਣੁ=ਬਲ ਮਾਣ=ਆਦਰ ਦੇਣ ਵਾਲਾ ਸਾਚਾ=ਸਚਾ ਦੀਬਾਣੁ= ਆਸਰਾ ਦੇਣ ਵਾਲਾ ਉਹ ਵਾਹਿਗੁਰੂ ਹੈ। ਇਸ ਕਰਕੇ ਮੈਨੂੰ ਉਸ ਪ੍ਰਭ=ਵਾਹਿਗੁਰੂ ਦੀ ਹੀ ਟੇਕ=ਓਟ ਹੈ।

ਯਥਾ— **੧. ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥** [ਸੂਹੀ ਮਃ ੪, ਅੰਗ ੭੩੫]

**੨. ਦੀਬਾਨੁ ਹਮਾਰੋ ਤੁਹੀ ਏਕ ॥ ਸੇਵਾ ਥਾਰੀ ਗੁਰਹਿ ਟੇਕ ॥** [ਗਉੜੀ ਮਃ ੫, ਅੰਗ ੨੧੦]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੯੨ [ਆਦਿ ਅੰਗ ੬੭੬]

***ਧਨਾਸਰੀ ਮਹਲਾ ੫ ॥ ਫਿਰਤ ਫਿਰਤ ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ ॥ ਆਨ ਸਗਲ ਬਿਧਿ ਕਾਂਮਿ ਨ ਆਵੈ ਹਰਿ ਹਰਿ ਨਾਮੁ ਧਿਆਇਆ ॥੧॥ ਤਾ ਤੇ ਮੋਹਿ ਧਾਰੀ ਓਟ ਗੋਪਾਲ ॥ ਸਰਨਿ ਪਰਿਓ ਪੂਰਨ ਪਰਮੇਸੁਰ ਬਿਨਸੇ ਸਗਲ ਜੰਜਾਲ ॥ ਰਹਾਉ ॥ ਸੁਰਗ ਮਿਰਤ ਪਇਆਲ ਭੂ ਮੰਡਲ ਸਗਲ ਬਿਆਪੇ ਮਾਇ ॥ ਜੀਅ ਉਧਾਰਨ ਸਭ ਕੁਲ ਤਾਰਨ ਹਰਿ ਹਰਿ ਨਾਮੁ ਧਿਆਇ ॥੨॥ ਨਾਨਕ ਨਾਮੁ ਨਿਰੰਜਨੁ ਗਾਈਐ ਪਾਈਐ ਸਰਬ ਨਿਧਾਨਾ ॥ ਕਰਿ ਕਿਰਪਾ ਜਿਸੁ ਦੇਇ ਸੁਆਮੀ ਬਿਰਲੇ ਕਾਹੂ ਜਾਨਾ ॥੩॥੩॥੨੧॥***

## ***ਧਨਾਸਰੀ ਮਹਲਾ ੫ ॥***

ਇਹ ਮੁਖਵਾਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗਣੀ ਵਿੱਚ ਉਚਾਰਨ ਕੀਤਾ ਹੋਇਆ ਹੈ। ਜਿਸ ਵਿੱਚ ਜਗਿਆਸੂ ਮੁਖ ਦੁਆਰਾ ਇਹ ਸਿਧਾਂਤ ਪ੍ਰਗਟ ਕੀਤਾ ਹੈ ਕਿ ਅਨੇਕਾਂ ਜੁਗਾਂ ਵਿੱਚ ਭਟਕਦੇ ਜੀਵ ਨੂੰ ਜਿਤਨਾ ਚਿਰ ਸਾਧੂਆਂ ਦੀ ਸੰਗਤ ਨਹੀਂ ਪ੍ਰਾਪਤ ਹੁੰਦੀ ਉਤਨੀ ਦੇਰ ਤੱਕ ਆਵਾ-ਗਵਨ ਦਾ ਚੱਕ੍ਰ ਨਹੀਂ ਮੁੱਕਦਾ ਇਹ ਗੱਲ ਪੂਰੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਝਾਈ ਹੈ।

## ***ਫਿਰਤ ਫਿਰਤ ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ ॥***

ਫਿਰਤ ਸ਼ਬਦ ਚੱਕਰ ਕੱਟਣ ਤੋਂ, ਘੁੰਮਣ ਤੋਂ ਭਾਵ ਹੈ, ਦੋ ਵਾਰੀ ਕਹਿਣ ਤੋਂ ਭਾਵ ਬਾਰ-ਬਾਰ ਚੱਕਰ ਕੱਢਣ ਤੋਂ ਹੈ ਕਿ ਅਨੇਕਾਂ ਜੂਨਾਂ ਵਿੱਚ ਜੋ ਚੌਰਾਸੀ ਦਾ ਮਹਾਂ ਭਿਆਨਕ ਚੱਕਰ ਹੈ ਇਸ ਵਿੱਚ ਫਿਰਦਿਆਂ-2 ਭਾਵ ਚੱਕਰ ਕਟਦਿਆਂ-ਕਟਦਿਆਂ ਵਾ-ਮਨੁਖਾ ਸਰੀਰ ਵਿੱਚ ਆ ਕੇ ਦੇਵੀ-ਦੇਵਤਿਆਂ, ਪਖੰਡੀਆਂ ਦੇ ਦਰਾਂ ਤੇ ਫਿਰਦਿਆਂ-ਫਿਰਦਿਆਂ ਹੁਣ ਅਸਲੀ ਸੰਤ ਜਨ ਮਿਲੇ ਹਨ। ਇਹ ਗੱਲ ਪੂਰਿਆਂ ਗੁਰਾਂ ਨੇ ਸਮਝਾਈ ਹੈ।

ਯਥਾ— **ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥**

[ਵਾਰੂ ਮਾਰੂ ਡਖਣੇ ਮਃ ੫, ਅੰਗ ੧੧੦੨]

ਕੱਚੀ ਮੱਤ ਵਾਲੇ ਜੋ ਵਿਸ਼ੇ ਵਿਕਾਰਾਂ ਵਿੱਚ ਗ੍ਰਸਤ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿੱਚ ਗਲਤਾਨ, ਲਿਬਾਸ ਮਾਤਰ ਸਾਧੂ ਜਿਨ੍ਹਾਂ ਦੀ ਕਰਨੀ ਸੰਸਾਰੀਆਂ ਵਰਗੀ ਹੈ। ਐਸੇ ਕੱਚੇ ਪੁਰਸ਼ਾਂ ਨਾਲੋਂ ਪ੍ਰੀਤੀ ਗੰਢਣ ਦੀ ਥਾਂ ਤੋੜਨ ਦਾ ਉਪਦੇਸ਼ ਦਿੱਤਾ ਹੈ।

ਯਥਾ— **ਨਾਨਕ ਮਨਮੁਖਾ ਨਾਲੋਂ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥**

[ਵਾਰ ਗਉੜੀ ਮਃ ੪, ਅੰਗ ੩੧੬]

ਐਸੇ ਕੱਚੇ ਪੁਰਸ਼ ਚੱਕਰ ਵਿਚੋਂ ਕੱਢਣ ਦੀ ਥਾਂ ਤੇ ਚੱਕਰ ਵਿੱਚ ਪਾ ਦਿੰਦੇ ਹਨ। ਵੈਸੇ ਤਾਂ ਸੰਸਾਰ ਦੀ ਹਰ ਚੀਜ਼ ਰੱਬੀ ਵਿਧਾਨ ਅਨੁਸਾਰ ਚੱਕਰ ਕੋਈ ਛੋਟਾ ਹੈ ਕੋਈ ਵੱਡਾ ਹੈ। ਪਰ ਜੀਵ ਨੂੰ ਅਨੇਕਾਂ ਜੂਨਾਂ ਦੇ ਚੱਕਰ ਤੋਂ ਬਚਣ ਵਾਸਤੇ ਗੁਰਬਾਣੀ ਵਿੱਚ ਕਈ ਥਾਵਾਂ ਤੇ ਯਾਦ ਕਰਾਇਆ ਹੈ। ਕਿ ਤੈਨੂੰ ਅਨੇਕਾਂ ਜੂਨੀਆਂ ਦੇ ਚੱਕਰ ਤੋਂ ਬਾਅਦ ਮਨੁੱਖਾ ਜਨਮ ਇਸ ਚੱਕਰ ਵਿਚੋਂ ਨਿਕਲਣ ਵਾਸਤੇ ਪ੍ਰਾਪਤ ਹੋਇਆ ਹੈ, ਕਿਤੇ ਮੁੜ ਚੱਕਰ ਵਿੱਚ ਨਾ ਪੈ ਜਾਵੀਂ।

ਯਥਾ— **ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥**
**ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥**
**ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥**

[ਗਉੜੀ ਮਃ ੫, ਅੰਗ ੧੭੬]

PDF created with pdfFactory Pro trial version www.pdffactory.com

ਜਦੋਂ ਅਨੇਕਾਂ ਥਾਵਾਂ ਤੇ ਫਿਰਦਾ-ਫਿਰਦਾ ਇਹ ਜੀਵ ਸੰਤ ਜਨਾਂ ਦੇ ਪਾਸ ਆਇਆ ਤਾਂ ਈਰਖਾ ਆਦਿ ਦਾ ਦੁੱਖ ਅਤੇ ਸੰਸਾ ਭਰਮ ਸਾਰਾ ਮਿਟ ਗਿਆ।

ਯਥਾ— **ਫਿਰਤ ਫਿਰਤ ਸੰਤਨ ਪਹਿ ਆਇਆ॥ ਦੂਖ ਭ੍ਰਮੁ ਹਮਾਰਾ ਸਗਲ ਮਿਟਾਇਆ॥**

[ਵਡਹੰਸ ਮਃ ੫, ਅੰਗ ੫੬੨]

ਪੂਰੇ ਗੁਰੂ ਨੇ ਸਿੱਖ ਨੂੰ ਇਹ ਗੱਲ ਵੀ ਸਮਝਾ ਦਿੱਤੀ ਹੈ :—

## *ਆਨ ਸਗਲ ਬਿਧਿ ਕਾਂਮਿ ਨ ਆਵੈ ਹਰਿ ਹਰਿ ਨਾਮੁ ਧਿਆਇਆ॥੧॥*

ਆਨ=ਹੋਰ ਸਗਲ=ਸਾਰੀਆਂ ਬਿਧਿ=ਜੁਗਤੀਆਂ ਕੰਮ ਨਹੀਂ ਆਉਣ ਵਾਲੀਆਂ। ਹਿਰਦੇ ਵਿੱਚ ਨਿਸਚੇ ਕਰਕੇ ਹਰਿ-ਹਰਿ ਨਾਮ ਨੂੰ ਧਿਆਉਣਾ ਕੀਤਾ ਹੈ। ਪਹਿਲੀ ਤੁਕ ਵਿੱਚ ਜੋ ਪੂਰੇ ਗੁਰੂ ਦੇ ਸਮਝਾਉਣ ਦੀ ਗੱਲ ਆਈ ਹੈ। ਪੂਰੇ ਗੁਰੂ ਤੋਂ ਬਿਨਾਂ ਬ੍ਰਹਮ ਗਿਆਨ ਦੀ ਗੱਲ ਕੋਈ ਸਮਝਾ ਨਹੀਂ ਸਕਦਾ। ਜਿਵੇਂ ਕਿ ਇਤਿਹਾਸ ਵਿੱਚ ਸੰਤੋਖੇ ਰਿਖੀ ਦੀ ਗੱਲ ਆਈ ਹੈ। ਇਹ ਰਿਸ਼ੀ ਤ੍ਰੇਤੇ ਯੁਗ ਦਾ ਬੈਠਾ ਤਪ ਕਰ ਰਿਹਾ ਸੀ। ਜਦੋਂ ਗੁਰੂ ਅਰਜਨ ਸਾਹਿਬ ਮਹਾਰਾਜ ਜੀ ਨੇ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਸੰਪੂਰਨਤਾ ਕੀਤੀ ਤਾਂ ਇਰਦ-ਗਿਰਦ ਹੋਰ ਕਈ ਤੀਰਥ ਪ੍ਰਗਟ ਕੀਤੇ ਜਿਨ੍ਹਾਂ ਵਿੱਚ ਸੰਤੋਖਸਰ ਦੀ ਗੱਲ ਬੜੀ ਮਹੱਤਵਪੂਰਨ ਹੈ। ਜਦੋਂ ਸਤਿਗੁਰੂ ਜੀ ਇਸ ਸਰੋਵਰ ਦੀ ਮਿੱਟੀ ਖੁਨਵਾ ਰਹੇ ਸਨ, ਅਨੇਕਾਂ ਸਿੱਖ ਸੇਵਾ ਕਰਕੇ ਆਪਣਾ ਜਨਮ ਸਫਲਾ ਕਰ ਰਹੇ ਸਨ। ਸਿੱਖ ਹੱਥਾਂ ਨਾਲ ਸੇਵਾ ਤੇ ਚਿੱਤ ਵਿੱਚ ਸਿਮਰਨ ਕਰ ਰਹੇ ਸਨ। ਇਹ ਉਹ ਪਵਿੱਤ੍ਰ ਤਾਲ ਹੈ ਜਿਸਨੂੰ ਗੁਰੂ ਰਾਮਦਾਸ ਜੀ ਨੇ ਖੁਨਵਾਣਾ ਸ਼ੁਰੂ ਕੀਤਾ। ਇਥੇ ਇਕ ਟਾਹਲੀ ਦਾ ਬਿਰਛ ਸੀ। ਜਿਸ ਹੇਠ ਬੈਠ ਕੇ ਗੁਰੂ ਸਾਹਿਬ ਸਿੱਖਾਂ ਕੋਲੋਂ ਸੇਵਾ ਕਰਵਾਉਂਦੇ। ਸਮਾਂ ਪਾ ਕੇ ਇਹ ਕੱਚਾ ਤਲਾਅ ਬਰਸਾਤੀ ਪਾਣੀ ਦੇ ਕਾਰਨ ਮਿਟੀ ਨਾਲ ਪੂਰਿਆ ਗਿਆ। ਵੱਡੇ ਗੁਰੂ ਪਿਤਾ ਦੀ ਨਿਸ਼ਾਨੀ ਨੂੰ ਕਾਇਮ ਰੱਖਣ ਲਈ ਗੁਰੂ ਅਰਜਨ ਦੇਵ ਜੀ ਨੇ ਜਦੋਂ ਸੰਮਤ ੧੬੪੫ ਨੂੰ ਸੇਵਾ ਆਰੰਭੀ। ਤਾਂ ਪਿਸ਼ਾਵਰ ਦੇ ਰਹਿਣ ਵਾਲਾ ਸੰਤੋਖਾ ਸਿੱਖ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਸੰਸਾਰ ਵਿੱਚ ਨਿਸ਼ਾਨੀ ਬਣੀ ਰਹਿਣ ਦਾ ਇੱਛਕ ਸੀ। ਅਣਗਿਣਤ ਧਨ ਭੇਟ ਕੀਤਾ ਤਾਂ ਸਤਿਗੁਰੂ ਜੀ ਨੇ ਇਸ ਸਿੱਖ ਦੇ ਧਨ ਨਾਲ ਇਸ ਸਰੋਵਰ ਦੀ ਤਿਆਰੀ ਕਰਵਾਈ ਤੇ ਦੂਜਾ ਜਦੋਂ ਸਿੱਖ ਦੇ ਧਨ ਨਾਲ ਇਸ ਸਰੋਵਰ ਦੀ ਤਿਆਰੀ ਕਰਵਾਈ ਤੇ ਦੂਜਾ ਜਦੋਂ ਸਿੱਖ ਖੋਦਦਿਆਂ-ਖੋਦਦਿਆਂ ਕੁਝ ਡੂੰਘਾਈ ਤੇ ਗਏ ਤਾਂ ਹੇਠਾਂ ਤੋਂ ਗੋਲਾਕਾਰ ਇੱਕ ਮੱਠ ਨਿਕਲਿਆ, ਸਿੱਖਾਂ ਨੇ ਗੁਰੂ ਅਰਜਨ ਸਾਹਿਬ ਕੋਲ ਬੇਨਤੀ ਕੀਤੀ ਕਿ ਹੇਠਾਂ ਤੋਂ ਇਕ ਮੱਠ ਹੀ ਨਹੀਂ। ਇਸ ਵਿੱਚ ਇਕ ਯੋਗੀ ਭੀ ਚਿਰੰਕਾਲ ਦਾ ਬੈਠਾ ਹੋਇਆ ਹੈ, ਸੰਭਾਲ ਕੇ ਪੁੱਟਣਾ। ਮੱਠ ਨੰਗਾ ਕਰਵਾਇਆ ਉਸ ਮੱਠ ਨੂੰ ਪੱਥਰ ਦੀ ਖਿੜਕੀ ਨਾਲ ਬੰਦ ਕੀਤਾ ਹੋਇਆ ਸੀ। ਉਸ ਖਿੜਕੀ ਨੂੰ ਖੋਲ੍ਹ ਕੇ ਕੀ ਵੇਖਿਆ ਕਿ ਅੰਦਰ ਇਕ ਬਹੁਤ ਲਿੱਸਾ, ਕਮਜ਼ੋਰ ਹੱਡੀਆਂ ਦਾ ਢਾਂਚਾ ਯੋਗੀ ਨਜ਼ਰ ਆਇਆ। ਸਤਿਗੁਰੂ ਜੀ ਨੇ ਸਿਖਾਂ ਨੂੰ ਕਹਿ ਕੇ ਰੂੰ ਵਿੱਚ ਸੰਭਾਲਿਆ ਤੇ ਕਸਤੂਰੀ ਮੱਖਣ ਵਿੱਚ ਮਿਲਾ ਕੇ ਹੱਥਾਂ ਪੈਰਾਂ ਤੇ ਦਸਮ ਦੁਆਰਾਂ ਵਾਲੀ ਜਗ੍ਹਾ ਸਿਰ ਵਿੱਚ ਮਾਲਿਸ਼ ਕਰਵਾਈ। ਯੋਗੀ ਦੇ ਪ੍ਰਾਣ ਪਰਤੇ। ਬੜੀ ਧੀਮੀ ਜਿਹੀ ਆਵਾਜ਼ ਵਿੱਚ ਬੋਲਿਆ ਕਿ ਤੁਸੀ ਕੌਣ ਹੋ? ਸਿੱਖਾਂ ਨੇ ਕਿਹਾ ਕਿ ਅਸੀਂ ਗੁਰੂ ਕੇ ਸਿੱਖ ਹਾਂ। ਪੁੱਛਿਆ ਯੁਗ ਕਿਹੜਾ ਹੈ। ਸਿੱਖਾਂ ਨੇ ਉੱਤਰ ਦਿੱਤਾ ਕਿ ਕਲਜੁਗ ਦਾ ਸਮਾਂ ਹੈ। ਹੇ ਯੋਗੀ ਰਾਜ! ਆਪ ਦੇ ਜੁਗ ਪੁੱਛਣ ਤੋਂ ਸਾਡੇ ਮਨ ਵਿੱਚ ਪ੍ਰਸ਼ਨ ਪੈਦਾ ਹੋ ਗਿਆ ਹੈ ਕਿ ਆਪ ਕਦੋਂ ਦੇ ਬੈਠੇ ਹੋ? ਯੋਗੀ ਨੇ ਕਿਹਾ ਕਿ ਮੈਂ ਤ੍ਰੇਤੇ ਯੁਗ ਦਾ ਬੈਠਾ ਹਾਂ। ਮੇਰੇ ਗੁਰੂ ਨੇ ਮੈਨੂੰ ਪ੍ਰਾਣਾਯਾਮ ਭਾਵ ਦਸਮ ਦੁਆਰ ਸਵਾਸ ਚੜਾਉਣੇ ਸਿਖਾਲ ਦਿੱਤੇ ਸਨ। ਜਦੋਂ ਮੈਂ ਆਪਣੀ ਕਲਿਆਣ ਪੁੱਛੀ ਤਾਂ ਮੇਰੇ ਗੁਰੂ ਨੇ ਉੱਤਰ ਦਿੱਤਾ ਕਿ ਤੇਰੀ ਮੁਕਤੀ ਵਿੱਚ ਬਹੁਤ ਦੇਰੀ ਹੈ ਕਲਜੁਗ ਵਿੱਚ ਪ੍ਰਮੇਸ਼ਰ ਦੇ ਅਵਤਾਰ ਗੁਰੂ ਨਾਨਕ ਦੇਵ ਜੀ ਹੋਣਗੇ। ਪੰਜਵੇਂ ਜਾਮੇ ਵਿੱਚ ਉਹਨਾਂ ਦਾ ਨਾਮ ਗੁਰੂ ਅਰਜਨ ਸਾਹਿਬ ਹੋਵੇਗਾ। ਉਹ ਤੇਰੀ ਕਲਿਆਣ ਕਰਨਗੇ।

PDF created with pdfFactory Pro trial version www.pdffactory.com

ਯਥਾ— **ਸ੍ਰੀ ਗੁਰੁ ਅਰਜਨ ਹੁਇ ਅਵਿਤਾਰ॥ ਤੀਰਥ ਬਿਦਤਾਵਹਿ ਸੁਭ ਬਾਰਿ॥**
**ਜਬਿ ਖਨਿ ਹੈਂ ਇਸ ਥਲ ਕੋ ਆਇ॥ ਤੋਹਿ ਨਿਕਾਸਹਿਂ ਨਿਜ ਦਰਸਾਇ॥੫੬॥**
**ਅਪਨੋ ਪ੍ਰਸ਼ਨ ਠਾਨਿ ਤਿਨ ਪਾਹੀ॥ ਸੁਨਿ ਹੋ ਬਾਕ ਗਯਾਨ ਜਿਨ ਮਾਹੀ॥**
**ਤਬਿ ਤੇਰੋ ਹੋਇ ਹੈ ਕੱਲਯਾਨੁ॥ ਇਮ ਭਾਖਯੋ ਗੁਰੁ ਕਰੁਣਾ ਠਾਨਿ॥**
[ਗੁਰ ਪ੍ਰਤਾਪ ਰਾਸਿ ੨, ਅੰਸੂ ੩੪]

ਬਾਬਾ ਬੁਢਾ ਸਾਹਿਬ ਕਹਿਣ ਲਗੇ, ਯੋਗੀ ਰਾਜ! ਉਹ ਸਮਾਂ ਆਣ ਪਹੁੰਚਾ ਹੈ। ਗੁਰੂ ਅਰਜਨ ਸਾਹਿਬ ਸਾਹਮਣੇ ਦਰਸ਼ਨ ਦੇ ਰਹੇ ਹਨ। ਤਾਂ ਯੋਗੀ ਨੇ ਗੁਰੂ ਜੀ ਦੇ ਚਰਨ ਫੜੇ ਤੇ ਕਲਿਆਣ ਦੀ ਜਾਚਨਾ ਕੀਤੀ। ਤਾਂ ਸਤਿਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਸੂਹੀ ਰਾਗ ਵਿੱਚ ਸ਼ਬਦ ਉਚਾਰਨ ਕੀਤਾ।

ਯਥਾ— **ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥** [ਸੂਹੀ ਮਃ ੫, ਅੰਗ ੭੩੬]

ਇਸ ਸ਼ਬਦ ਦੁਆਰਾ ਉਸ ਯੋਗੀ ਦੀ ਕਲਿਆਣ ਕੀਤੀ ਤੇ ਯੋਗੀ ਨੂੰ ਕਿਹਾ ਕਿ ਸੰਸਾਰ ਵਿੱਚ ਕੁਝ ਸਮਾਂ ਹੋਰ ਦਰਸ਼ਨ ਦਿਓ। ਤਾਂ ਯੋਗੀ ਨੇ ਕਿਹਾ ਕਿ ਮੇਰਾ ਪ੍ਰਯੋਜਨ ਪੂਰਾ ਹੋ ਗਿਆ ਹੈ। ਮੈਂ ਹੁਣ ਸਰੀਰ ਤਿਆਗਣਾ ਚਾਹੁੰਦਾ ਹਾਂ ਆਪ ਜੀ ਐਸੀ ਕਿਰਪਾ ਕਰੋ।

ਯਥਾ— **ਮੁਝ ਕੋ ਆਇਸੁ ਦੇਹੁ ਸਮਾਵੌਂ॥ ਰਹਿਬੇ ਕੋ ਸੰਕਲਪ ਉਠਾਵੋਂ॥**
**ਅਬਹਿ ਕ੍ਰਿਪਾ ਇਹ ਬਿਧਿ ਕੀ ਕਰੋ। ਜਿਸ ਤੇ ਆਪਨਿ ਤਨ ਪਰਹਰੋਂ॥੨॥**
[ਗੁਰ ਪ੍ਰਤਾਪ ਰਾਸਿ ੨, ਅੰਸੂ ੩੬]

ਇਸੇ ਤਰ੍ਹਾਂ ਪੂਰੇ ਗੁਰੂ ਦਾ ਕਰਤਬ ਨਿਭਾਉਂਦਿਆਂ ਸਤਿਗੁਰੂ ਜੀ ਨੇ ਯੋਗੀ ਨੂੰ ਕਲਿਆਣ ਬਖਸ਼ੀ ਤੇ ਨਾਲ ਹੀ ਪ੍ਰਾਣਾਯਾਮ ਦੀ ਥਾਂ ਤੇ ਹਰਿ-ਹਰਿ ਨਾਮ ਨੂੰ ਧਿਆਉਣ ਦੀ ਗੱਲ ਨੂੰ ਸਿੱਧ ਕੀਤਾ। ਇੰਜ ਸਤਿਗੁਰੂ ਜੀ ਨੇ ਉਸ ਦਾ ਚੁਰਾਸੀ ਦਾ ਚੱਕਰ ਕੱਟ ਦਿੱਤਾ ਤੇ ਯੋਗੀ ਬ੍ਰਹਮ ਵਿੱਚ ਲੀਨ ਹੋ ਗਿਆ।

## *ਤਾ ਤੇ ਮੋਹਿ ਧਾਰੀ ਓਟ ਗੋਪਾਲ॥*

ਤਾ ਤੇ=ਇਸ ਕਰਕੇ ਮੈਂ ਗੋ=ਧਰਤੀ ਦੀ ਪਾਲ=ਪਾਲਣਾ ਕਰਨ ਵਾਲੇ ਪ੍ਰਮੇਸ਼ਰ ਦੀ ਓਟ ਧਾਰਨ ਕੀਤੀ ਹੈ।

ਯਥਾ— **੧. ਰੇ ਮਨ ਓਟਿ ਲੇਹੁ ਹਰਿ ਨਾਮਾ॥** [ਰਾਮਕਲੀ ਮਃ ੯, ੯੦੧]
**੨. ਓਟ ਗੋਬਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥** [ਮਾਝ ਮਃ ੫, ੧੩੫]
**੩. ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ॥** [ਗਉੜੀ ਮਃ ੫, ੨੧੮]
**੪. ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ॥** [ਆਸਾ ਮਃ ੫, ੪੫੬]
**੫. ਏਕ ਓਟ ਪਕਰੀ ਠਾਕੁਰ ਕੀ ਗੁਰ ਮਿਲਿ ਮਤਿ ਬੁਧਿ ਪਾਈਐ॥** [ਸਾਰਗ ਮਃ ੫, ੧੨੧੪]

## *ਸਰਨਿ ਪਰਿਓ ਪੂਰਨ ਪਰਮੇਸੁਰ ਬਿਨਸੇ ਸਗਲ ਜੰਜਾਲ॥ ਰਹਾਉ॥*

ਜਦੋਂ ਮੈਂ ਪੂਰਨ ਪ੍ਰਮੇਸ਼ਰ ਦੀ ਸ਼ਰਨ ਵਿਚ ਪਿਆ ਤਾਂ ਮੇਰੇ ਸਾਰੇ ਜੰਜਾਲ=ਸੰਸਾਰਕ ਬੰਧਨ ਬਿਨਸੇ=ਵਿਸ਼ੇਸ਼ ਕਰਕੇ ਨਾਸ ਹੋ ਗਏ।

## *ਸੁਰਗ ਮਿਰਤ ਪਇਆਲ ਭੂ ਮੰਡਲ ਸਗਲ ਬਿਆਪੇ ਮਾਇ॥*

ਹੇ ਭਾਈ! ਸੁਰਗ, ਪਤਾਲ ਤੇ [ਭੂ ਮੰਡਲ] ਪ੍ਰਿਥਵੀ ਮੰਡਲ=ਸਾਰੀ ਧਰਤੀ ਦੇ ਸਾਰੇ ਜੀਵ ਮਿਰਤ=ਮੌਤ ਦੇ ਬਿਆਪੇ=ਘੇਰੇ ਵਿਚ ਫਸੇ ਹੋਏ ਹਨ।

PDF created with pdfFactory Pro trial version www.pdffactory.com

ਅਥਵਾ-ਸੁਰਗ ਦੇ ਮਿਰਤ=ਬ੍ਰਹਮਾ ਤੇ ਵਿਸ਼ਨੂੰ ਆਦਿਕ, ਪਤਾਲ ਦੇ ਮੰਡਲ=ਸਰੂਪ ਅਤੇ ਭੂ=ਧਰਤੀ ਦੇ ਸਾਰੇ ਜੀਵ ਮਾਇਆ ਵਿਚ ਘਿਰੇ ਹੋਏ ਹਨ।

ਯਥਾ— **੧. ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥**
**ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥** [ਸਿਰੀਰਾਗੁ ਮਃ ੩, ਅੰਗ ੬੭]

**੨. ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ**
**ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ ॥੧॥** [ਸਾਰਗ ਮਃ ੫, ਅੰਗ ੧੨੩੧]

## *ਜੀਅ ਉਧਾਰਨ ਸਭ ਕੁਲ ਤਾਰਨ ਹਰਿ ਹਰਿ ਨਾਮੁ ਧਿਆਇ ॥੨॥*

ਇਸ ਲਈ ਜੀਵਾਂ ਨੂੰ ਉਧਾਰਨ ਲਈ ਸਾਰੀਆਂ ਕੁਲਾਂ ਨੂੰ ਸੰਸਾਰ ਸਮੁੰਦਰ ਤੋਂ ਤਾਰਨ ਲਈ ਅਸੀਂ ਹਰਿ ਹਰਿ ਨਾਮ ਨੂੰ ਧਿਆਇਆ ਹੈ।

## *ਨਾਨਕ ਨਾਮੁ ਨਿਰੰਜਨੁ ਗਾਈਐ ਪਾਈਐ ਸਰਬ ਨਿਧਾਨਾ ॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਨਿਰੰਜਨੁ=ਮਲ ਮਾਇਆ ਦੀ ਕਾਲਖ ਤੋਂ ਰਹਿਤ ਪ੍ਰਮੇਸ਼ਰ ਦੇ ਨਾਮ ਨੂੰ ਗਾਈਐ=ਉਚਾਰਨ ਕਰੀਏ ਤਾਂ ਸਾਰੇ ਖਜ਼ਾਨੇ ਪਾ ਲਈਦੇ ਹਨ ਵਾ-ਸਾਰਿਆਂ ਖਜ਼ਾਨਿਆਂ ਦਾ ਮਾਲਕ ਵਾਹਿਗੁਰੂ ਪਾ ਲਈਦਾ ਹੈ।

## *ਕਰਿ ਕਿਰਪਾ ਜਿਸੁ ਦੇਇ ਸੁਆਮੀ ਬਿਰਲੇ ਕਾਹੂ ਜਾਨਾ ॥੩॥੩॥੨੧॥*

ਜਿਸਨੂੰ ਸੁਆਮੀ=ਮਾਲਕ ਵਾਹਿਗੁਰੂ ਕਿਰਪਾ=ਬਖਸ਼ਿਸ਼ ਕਰਕੇ ਨਾਮ ਦਾ ਦਾਨ ਦਿੰਦਾ ਹੈ। ਉਹ ਕੋਈ ਵਿਰਲਾ ਹੀ ਨਾਮ ਦਾ ਅਭਿਆਸ ਕਰਕੇ ਆਪਣੀ ਆਤਮਾ ਨੂੰ ਬ੍ਰਹਮ ਰੂਪ ਕਰਕੇ ਜਾਣਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

PDF created with pdfFactory Pro trial version www.pdffactory.com